# ਗਰਭ ਵਿੱਚ ਡਾਊਨਜ਼ ਸਿਨਡ੍ਰੋਮ ਲਈ ਪੜਤਾਲ

ਇਹ ਕਿਤਾਬਚਾ ਉਹਨਾਂ ਜਾਂਚਾਂ ਦੀ ਵਿਆਖਿਆ ਕਰਦਾ ਹੈ ਜੋ ਗਰਭ ਦੇ ਦੌਰਾਨ ਇਹ ਪਤਾ ਕਰਨ ਲਈ ਕੀਤੀਆਂ ਜਾ ਸਕਦੀਆਂ ਹਨ ਕਿ ਕੀ ਤੁਹਾਡੇ ਬੱਚੇ ਨੂੰ ਡਾਊਨਜ਼ ਸਿਨਡ੍ਰੋਮ ਹੈ। ਜਿਨ੍ਹਾਂ ਔਰਤਾਂ ਨੂੰ ਪਤਾ ਲਗਦਾ ਹੈ ਕਿ ਉਹਨਾਂ ਦੇ ਬੱਚੇ ਨੂੰ ਡਾਊਨਜ਼ ਸਿਨਡ੍ਰੋਮ ਹੋਣ ਦਾ ਵਧੇਰੇ ਖਤਰਾ ਹੈ ਉਹ ਨਿਦਾਨਕਾਰੀ ਜਾਂਚ ਕਰਵਾ ਸਕਦੀਆਂ ਹਨ। ਇਸ ਜਾਂਚ ਨੂੰ ਅਮੀਨੋਸੈਂਟੇਸਿਸ ਕਿਹਾ ਜਾਂਦਾ ਹੈ। ਤੁਸੀਂ ਚੋਣ ਕਰ ਸਕਦੇ ਹੋ ਕਿ ਇਹ ਜਾਂਚ ਕਰਵਾਉਣੀ ਹੈ ਜਾਂ ਨਹੀਂ।

## ਡਾਊਨਜ਼ ਸਿਨਡ੍ਰੋਮ ਕੀ ਹੈ?

ਡਾਊਨਜ਼ ਸਿਨਡ੍ਰੋਮ ਵਾਧੂ ਕ੍ਰੋਮੋਸੋਮ ਦੇ ਕਾਰਨ ਪੈਦਾ ਹੋਈ ਇੱਕ ਜੇਨੇਟਿਕ ਸਮੱਸਿਆ ਹੁੰਦੀ ਹੈ। ਡਾਊਨਜ਼ ਸਿਨਡ੍ਰੋਮ ਵਾਲੇ ਕਿਸੇ ਵਿਅਕਤੀ ਵਿੱਚ ਆਮ 46 ਦੀ ਬਜਾਏ 47 ਕ੍ਰੋਮੋਸੋਮ ਹੁੰਦੇ ਹਨ।

ਡਾਊਨਜ਼ ਸਿਨਡ੍ਰੋਮ ਵਾਲੇ ਲੋਕਾਂ 'ਤੇ ਵੱਖ-ਵੱਖ ਤਰੀਕਿਆਂ ਨਾਲ ਅਸਰ ਹੁੰਦਾ ਹੈ। ਕੁਝ ਵਿੱਚ ਸਿੱਖਣ ਸੰਬੰਧੀ ਅਸਮਰਥਤਾ ਹੁੰਦੀ ਹੈ। ਕੁਝ ਲੋਕਾਂ ਲਈ ਇਹ ਹਲਕੀ ਹੁੰਦੀ ਹੈ ਜਦ ਕਿ ਦੂਜਿਆਂ ਲਈ ਇਹ ਵਧੇਰੇ ਗੰਭੀਰ ਹੁੰਦੀ ਹੈ। ਜ਼ਿਆਦਾਤਰ ਲਗਭਗ ਆਤਮ-ਨਿਰਭਰ ਬਾਲਗ ਜੀਵਨ ਬਤੀਤ ਕਰ ਸਕਦੇ ਹਨ, ਪਰ ਕੁਝ ਨੂੰ ਦੂਜਿਆਂ ਨਾਲੋਂ ਜ਼ਿਆਦਾ ਸਹਾਇਤਾ ਦੀ ਲੋੜ ਹੁੰਦੀ ਹੈ। ਕੁਝ ਨੂੰ ਡਾਕਟਰੀ ਸਮੱਸਿਆਵਾਂ ਵੀ ਹੁੰਦੀਆਂ ਹਨ, ਜਿਵੇਂ ਕਿ ਦਿਲ ਦੀਆਂ ਸਮੱਸਿਆਵਾਂ। ਇਹਨਾਂ ਵਿੱਚੋਂ ਕਈਆਂ ਦਾ ਇਲਾਜ ਕੀਤਾ ਜਾ ਸਕਦਾ ਹੈ।

## ਤੁਹਾਡੀ ਡਾਊਨਜ਼ ਸਿਨਡ੍ਰੋਮ ਵਾਲਾ ਬੱਚਾ ਪੈਦਾ ਹੋਣ ਦੀਆਂ ਮੇਰੀਆਂ ਕੀ ਸੰਭਾਵਨਾ ਹੁੰਦੀਆਂ ਹਨ?

ਡਾਊਨਜ਼ ਸਿਨਡ੍ਰੋਮ ਲਗਭਗ 500 ਵਿੱਚੋਂ 1 ਗਰਭ ਵਿੱਚ ਹੁੰਦਾ ਹੈ। ਇਹ ਆਮ ਤੌਰ 'ਤੇ ਖਾਨਦਾਨੀ ਨਹੀਂ ਹੁੰਦਾ। ਸਾਰੀਆਂ ਔਰਤਾਂ ਨੂੰ ਡਾਊਨਜ਼ ਸਿਨਡ੍ਰੋਮ ਵਾਲਾ ਬੱਚਾ ਪੈਦਾ ਹੋਣ ਦੀ ਸੰਭਾਵਨਾ ਹੁੰਦੀ ਹੈ। ਜਿਵੇਂ-ਜਿਵੇਂ ਤੁਹਾਡੀ ਉਮਰ ਵੱਧਦੀ ਹੈ ਸੰਭਾਵਨਾ ਵਧਦੀ ਜਾਂਦੀ ਹੈ ਪਰ ਛੋਟੀ ਉਮਰ ਦੀਆਂ ਔਰਤਾਂ ਨੂੰ ਵੀ ਡਾਊਨਜ਼ ਸਿਨਡ੍ਰੋਮ ਵਾਲੇ ਬੱਚੇ ਪੈਦਾ ਹੋਏ ਹਨ। ਇਸ ਕਾਰਨ ਕਰਕੇ, ਸਾਰੀਆਂ ਉਮਰਾਂ ਦੀਆਂ ਔਰਤਾਂ ਨੂੰ ਇਹ ਪੜਤਾਲੀਆ ਜਾਂਚ ਪੇਸ਼ ਕੀਤੀ ਜਾਂਦੀ ਹੈ।

ਪੜਤਾਲੀਆ ਜਾਂਚ ਦਾ ਨਤੀਜਾ ਦੱਸੇਗਾ ਕਿ ਇਸ ਗਰਭ ਵਿੱਚ ਤੁਹਾਨੂੰ ਡਾਊਨਜ਼ ਸਿਨਡ੍ਰੋਮ ਵਾਲਾ ਬੱਚਾ ਪੈਦਾ ਹੋਣ ਦੀ ਕਿੰਨੀ ਸੰਭਾਵਨਾ ਹੈ।

## ਪੜਤਾਲੀਆ ਜਾਂਚ ਦਾ ਨਤੀਜਾ ਮੈਨੂੰ ਕੀ ਦੱਸੇਗਾ?

ਡਾਊਨਜ਼ ਸਿਨਡ੍ਰੋਮ ਲਈ ਕਈ ਪੜਤਾਲੀਆ ਜਾਂਚਾਂ ਹਨ। ਇਹਨਾਂ ਵਿੱਚੋਂ ਕੋਈ ਵੀ ਜਾਂਚ ਯਕੀਨੀ ਤੌਰ 'ਤੇ ਨਹੀਂ ਦੱਸਦੀ ਹੈ ਕਿ ਕੀ ਬੱਚੇ ਨੂੰ ਡਾਊਨਜ਼ ਸਿਨਡ੍ਰੋਮ ਹੈ ਜਾਂ ਨਹੀਂ। ਉਹ ਦਿਖਾਉਂਦੇ ਹਨ ਕਿ ਤੁਹਾਡੇ ਬੱਚੇ ਨੂੰ ਡਾਊਨਜ਼ ਸਿਨਡ੍ਰੋਮ ਹੋਣ ਦੀ ਕਿੰਨੀ ਸੰਭਾਵਨਾ ਹੈ।
ਪੜਤਾਲੀਆ ਜਾਂਚਾਂ ਡਾਊਨਜ਼ ਸਿਨਡ੍ਰੋਮ ਵਾਲੇ ਸਾਰੇ ਬੱਚਿਆਂ ਦਾ ਪਤਾ ਨਹੀਂ ਲਗਾਉਂਦੀਆਂ ਹਨ। ਔਸਤ ਤੌਰ 'ਤੇ,

Information for Women

© Public Health Wales

ਡਾਊਨਜ਼ ਸਿਨਡ੍ਰੋਮ ਵਾਲੇ ਹਰ 10 ਬੱਚਿਆਂ ਵਿੱਚੋਂ, ਸਿਰਫ਼ ਸੱਤ ਦਾ ਹੀ ਪੜਤਾਲ ਵਿੱਚ ਪਤਾ ਲਗਦਾ ਹੈ। ਇਸਦਾ ਮਤਲਬ ਹੈ ਕਿ ਡਾਊਨਜ਼ ਸਿਨਡ੍ਰੋਮ ਵਾਲੇ ਹਰ 10 ਵਿੱਚੋਂ ਤਿੰਨ ਬੱਚਿਆਂ ਦਾ ਪਤਾ ਨਹੀਂ ਲੱਗੇਗਾ।

## ਕੀ ਡਾਊਨਜ਼ ਸਿਨਡ੍ਰੋਮ ਲਈ ਪੜਤਾਲ ਦੇ ਕੋਈ ਜੋਖ਼ਿਮ ਹਨ?

ਪੜਤਾਲ ਇੱਕ ਸਧਾਰਨ ਖੂਨ ਦੀ ਜਾਂਚ ਹੁੰਦੀ ਹੈ। ਸਿਰਫ਼ ਇੱਕੋ-ਇੱਕ ਜੋਖ਼ਮ ਉਹੀ ਹੋਵੇਗਾ ਜੋ ਕੋਈ ਵੀ ਖੂਨ ਦੀ ਜਾਂਚ ਕਰਵਾਉਂਦੇ ਹੋਏ ਹੁੰਦਾ ਹੈ।

## ਡਾਊਨਜ਼ ਸਿਨਡ੍ਰੋਮ ਲਈ ਪੜਤਾਲ ਕਰਨ ਦੇ ਕੀ ਫ਼ਾਇਦੇ ਹਨ?

ਜੇ ਤੁਹਾਡੇ ਬੱਚੇ ਨੂੰ ਡਾਊਨਜ਼ ਸਿਨਡ੍ਰੋਮ ਹੈ, ਤਾਂ ਤੁਸੀਂ ਫ਼ੈਸਲਾ ਕਰ ਸਕਦੇ ਹੋ ਕਿ ਗਰਭ ਨੂੰ ਜਾਰੀ ਰੱਖਣਾ ਹੈ ਜਾਂ ਨਹੀਂ।

## ਡਾਊਨਜ਼ ਸਿਨਡ੍ਰੋਮ ਲਈ ਪੜਤਾਲ ਕਰਨ ਦੇ ਕੀ ਨੁਕਸਾਨ ਹਨ?

ਜਾਂਚ ਕਰਵਾਉਣ ਨਾਲ ਤੁਹਾਨੂੰ ਚਿੰਤਾ ਹੋ ਸਕਦੀ ਹੈ ਖ਼ਾਸ ਕਰਕੇ ਜੇ ਤੁਹਾਡੀ ਜਾਂਚ ਦਾ ਨਤੀਜਾ ਦਿਖਾਉਂਦਾ ਹੈ ਕਿ ਤੁਹਾਡੀ ਡਾਊਨਜ਼ ਸਿਨਡ੍ਰੋਮ ਵਾਲਾ ਬੱਚਾ ਪੈਦਾ ਹੋਣ ਦੀ ਸੰਭਾਵਨਾ ਜ਼ਿਆਦਾ ਹੈ। ਜੇ ਤੁਹਾਡਾ ਨਤੀਜਾ 2 ਵਿੱਚੋਂ 1 ਅਤੇ 150 ਵਿੱਚੋਂ 1 ਦੇ ਵਿਚਕਾਰ ਆਉਂਦਾ ਹੈ ਤਾਂ ਇਸ ਨੂੰ ਅਸੀਂ ਉੱਚ ਸੰਭਾਵਨਾ ਕਹਿੰਦੇ ਹਾਂ। ਜੇ ਨਤੀਜਾ 2 ਵਿੱਚੋਂ 1 ਅਤੇ 150 ਵਿੱਚੋਂ 1 ਦੇ ਵਿਚਕਾਰ ਹੈ, ਤਾਂ ਤੁਹਾਨੂੰ ਇਹ ਦੇਖਣ ਲਈ ਜਾਂਚ ਪੇਸ਼ ਕੀਤੀ ਜਾਵੇਗੀ ਕਿ ਕੀ ਤੁਹਾਡੇ ਬੱਚੇ ਨੂੰ ਪੱਕੇ ਤੌਰ 'ਤੇ ਡਾਊਨਜ਼ ਸਿਨਡ੍ਰੋਮ ਹੈ। ਕਿਉਂਕਿ ਨਿਦਾਨਕਾਰੀ ਜਾਂਚ ਨਾਲ ਗਰਭਪਾਤ ਹੋ ਸਕਦਾ ਹੈ, ਕਈ ਔਰਤਾਂ ਨੂੰ ਇਹ ਫ਼ੈਸਲਾ ਮੁਸ਼ਕਲ ਲਗਦਾ ਹੈ। ਕੁਝ ਔਰਤਾਂ ਸੋਚ ਸਕਦੀਆਂ ਹਨ ਕਿ ਕਾਸ਼ ਉਹਨਾਂ ਨੇ ਪੜਤਾਲੀਆ ਜਾਂਚ ਨਾ ਕਰਵਾਈ ਹੁੰਦੀ ਕਿਉਂਕਿ ਫ਼ੈਸਲਾ ਕਰਨਾ ਮੁਸ਼ਕਲ ਹੁੰਦਾ ਹੈ।

## ਕੀ ਮੈਨੂੰ ਡਾਊਨਜ਼ ਸਿਨਡ੍ਰੋਮ ਲਈ ਜਾਂਚ ਕਰਵਾਉਣੀ ਚਾਹੀਦੀ ਹੈ?

ਸਿਰਫ਼ ਤੁਸੀਂ ਹੀ ਫ਼ੈਸਲਾ ਕਰ ਸਕਦੇ ਹੋ ਕਿ ਜਾਂਚ ਕਰਵਾਉਣੀ ਹੈ ਜਾਂ ਨਹੀਂ। ਕੁਝ ਔਰਤਾਂ ਪਤਾ ਕਰਨਾ ਚਾਹੁੰਦੀਆਂ ਹਨ ਕਿ ਕੀ ਉਹਨਾਂ ਦੇ ਬੱਚੇ ਨੂੰ ਡਾਊਨਜ਼ ਸਿਨਡ੍ਰੋਮ ਹੈ, ਅਤੇ ਕੁਝ ਪਤਾ ਨਹੀਂ ਕਰਨੀਆਂ ਚਾਹੁੰਦੀਆਂ ਹਨ। ਵੇਲਜ਼ ਵਿੱਚ ਸਾਰੇ ਹਸਪਤਾਲ ਔਰਤਾਂ ਨੂੰ ਡਾਊਨਜ਼ ਸਿਨਡ੍ਰੋਮ ਲਈ ਜਾਂਚ ਪੇਸ਼ ਕਰਦੇ ਹਨ ਪਰ ਜਾਂਚ ਕਰਵਾਉਣ ਜਾਂ ਨਾ ਕਰਵਾਉਣ ਦਾ ਫ਼ੈਸਲਾ ਤੁਹਾਡਾ ਹੁੰਦਾ ਹੈ। ਤੁਸੀਂ ਆਪਣੀ ਦਾਈ ਨਾਲ ਵਿਚਾਰ-ਵਟਾਂਦਰਾ ਕਰ ਸਕਦੇ ਹੋ ਕਿ ਤੁਸੀਂ ਕੀ ਕਰਨਾ ਚਾਹੁੰਦੇ ਹੋ। ਤੁਸੀਂ ਜੋ ਵੀ ਫ਼ੈਸਲਾ ਕਰੋਗੇ, ਉਹ ਤੁਹਾਡਾ ਸਮਰਥਨ ਕਰੇਗੀ।

## ਮੈਨੂੰ ਕਿਹੜੀਆਂ ਪੜਤਾਲੀਆ ਜਾਂਚਾ ਪੇਸ਼ ਕੀਤੀਆਂ ਜਾਣਗੀਆਂ?

ਖੂਨ ਦੀ ਜਾਂਚ ਤੋਂ ਪਹਿਲਾਂ ਤੁਹਾਨੂੰ ਅਲਟ੍ਰਾਸਾਉਂਡ ਸਕੈਨ ਦੀ ਲੋੜ ਹੋਵੇਗੀ। ਇਹ ਜਾਂਚ 15 ਹਫ਼ਤੇ ਤੋਂ ਲੈ ਕੇ 18 ਹਫ਼ਤੇ ਦੇ ਗਰਭ ਤਕ ਕਰਵਾਈ ਜਾ ਸਕਦੀ ਹੈ।
ਜੇ ਤੁਹਾਡੇ ਗਰਭ ਵਿੱਚ ਜੁੜਵਾ ਜਾਂ ਵੱਧ ਬੱਚੇ ਹਨ ਤਾਂ ਵੇਲਜ਼ ਵਿੱਚ ਤੁਸੀਂ ਇਹ ਜਾਂਚ ਨਹੀਂ ਕਰਵਾ ਸਕਦੇ ਹੋ।

Information for Women

© Public Health Wales

ਇਹ ਪੜਤਾਲੀਆ ਜਾਂਚ ਆਮ ਕਰਕੇ 18 ਹਫ਼ਤੇ ਦੇ ਗਰਭ ਤੋਂ ਬਾਅਦ ਨਹੀਂ ਪੇਸ਼ ਕੀਤੀ ਜਾਂਦੀ ਹੈ। ਜੇ ਤੁਸੀਂ 18 ਹਫ਼ਤੇ ਤੋਂ ਵੱਧ ਸਮੇਂ ਤੋਂ ਗਰਭਵਤੀ ਹੋ ਅਤੇ ਤੁਸੀਂ ਡਾਊਨਜ਼ ਸਿਨਡ੍ਰੋਮ ਲਈ ਪੜਤਾਲ ਕਰਵਾਉਣੀ ਚਾਹੋਗੇ, ਤਾਂ ਤੁਹਾਨੂੰ ਇਸ ਬਾਰੇ ਆਪਣੀ ਦਾਈ ਜਾਂ ਹਸਪਤਾਲ ਦੇ ਡਾਕਟਰ (ਪ੍ਰਸੂਤ ਵਿਸ਼ੇਸ਼ੱਗ) ਨਾਲ ਚਰਚਾ ਕਰਨ ਦੀ ਲੋੜ ਹੋਵੇਗੀ।

## ਮੈਂ ਇਹ ਜਾਂਚ ਕਿੱਥੇ ਕਰਵਾ ਸਕਦੀ ਹਾਂ?

ਤੁਹਾਡੀ ਦਾਈ ਤੁਹਾਨੂੰ ਦੱਸੇਗੀ ਕਿ ਇਹ ਜਾਂਚ ਕਿੱਥੇ ਕਰਵਾਈ ਜਾ ਸਕਦੀ ਹੈ।

### ਨਤੀਜੇ

ਤੁਹਾਨੂੰ ਆਮ ਤੌਰ 'ਤੇ ਤੁਹਾਡੀ ਖ਼ੂਨ ਦੀ ਜਾਂਚ ਦੇ ਨਤੀਜੇ ਦੋ ਹਫ਼ਤਿਆਂ ਦੇ ਅੰਦਰ ਮਿਲਣਗੇ।

## ਕੀ ਮੇਰੇ ਨਤੀਜੇ ਗੁਪਤ ਹੋਣਗੇ?

NHS ਸਾਰੀਆਂ ਜਾਂਚਾਂ ਦੇ ਨਤੀਜਿਆਂ ਨੂੰ ਗੁਪਤ ਰੱਖਦਾ ਹੈ। ਇਸ ਬਾਰੇ ਹਸਪਤਾਲ ਨੀਤੀਆਂ ਵੱਖ-ਵੱਖ ਹਨ ਕਿ ਤੁਹਾਡੀ ਜਾਂਚ ਦੇ ਨਤੀਜਿਆਂ ਤਕ ਕਿੰਨੇ ਲੋਕਾਂ ਦੀ ਪਹੁੰਚ ਹੋ ਸਕਦੀ ਹੈ। ਤੁਹਾਡੀ ਦਾਈ ਤੁਹਾਨੂੰ ਸਥਾਨਕ ਪ੍ਰਬੰਧਾਂ ਬਾਰੇ ਸਮਝਾ ਸਕੇਗੀ।

## ਮੈਨੂੰ ਮੇਰੀ ਪੜਤਾਲੀਆ ਜਾਂਚ ਦੇ ਨਤੀਜੇ ਕਿਵੇਂ ਮਿਲਣਗੇ?

ਤੁਹਾਡੀ ਦਾਈ ਤੁਹਾਨੂੰ ਦੱਸੇਗੀ ਕਿ ਤੁਹਾਨੂੰ ਜਾਂਚ ਦੇ ਨਤੀਜੇ ਕਿਵੇਂ ਅਤੇ ਕਿੱਥੇ ਮਿਲਣਗੇ। ਨਤੀਜੇ ਜਾਂ ਤਾਂ 'ਵੱਧ ਸੰਭਾਵਨਾ' ਜਾਂ 'ਘੱਟ ਸੰਭਾਵਨਾ' ਦੇ ਰੂਪ ਵਿੱਚ ਦਿੱਤੇ ਜਾਂਦੇ ਹਨ।

## ਜੇ ਮੇਰਾ ਨਤੀਜਾ ਘੱਟ ਸੰਭਾਵਨਾ ਵਾਲਾ ਆਉਂਦਾ ਹੈ ਤਾਂ ਕੀ ਹੁੰਦਾ ਹੈ?

ਜੇ ਨਤੀਜਾ ਦਿਖਾਉਂਦਾ ਹੈ ਕਿ ਤੁਹਾਡੀ ਡਾਊਨਜ਼ ਸਿਨਡ੍ਰੋਮ ਵਾਲਾ ਬੱਚਾ ਪੈਦਾ ਹੋਣ ਦੀ ਸੰਭਾਵਨਾ ਘੱਟ ਹੈ, ਤਾਂ ਕੋਈ ਹੋਰ ਜਾਂਚ ਪੇਸ਼ ਨਹੀਂ ਕੀਤੀ ਜਾਂਦੀ ਹੈ। ਕਿਰਪਾ ਕਰਕੇ ਯਾਦ ਰੱਖੋ ਕਿ ਘੱਟ ਸੰਭਾਵਨਾ ਦਾ ਅਰਥ ਇਹ ਨਹੀਂ ਹੈ ਕਿ ਤੁਹਾਨੂੰ ਡਾਊਨਜ਼ ਸਿਨਡ੍ਰੋਮ ਵਾਲਾ ਬੱਚਾ ਪੈਦਾ ਹੋਣ ਦੀ ਸੰਭਾਵਨਾ ਨਹੀਂ ਹੈ।

## ਜੇ ਮੇਰਾ ਨਤੀਜਾ ਵੱਧ ਸੰਭਾਵਨਾ ਵਾਲਾ ਆਉਂਦਾ ਹੈ ਤਾਂ?

ਜੇ ਨਤੀਜਾ ਦਿਖਾਉਂਦਾ ਹੈ ਕਿ ਤੁਹਾਨੂੰ ਡਾਊਨਜ਼ ਸਿਨਡ੍ਰੋਮ ਵਾਲਾ ਬੱਚਾ ਪੈਦਾ ਹੋਣ ਦੀ ਸੰਭਾਵਨਾ ਵੱਧ (ਮਤਲਬ ਕਿ 2 ਵਿੱਚ 1 ਅਤੇ 150 ਵਿੱਚ 1 ਦੇ ਵਿਚਕਾਰ) ਹੈ, ਤਾਂ ਤੁਹਾਨੂੰ ਕਿਸੇ ਦਾਈ ਜਾਂ ਡਾਕਟਰ ਦੇ ਨਾਲ ਅਪਵਾਇੰਟਮੈਂਟ ਪੇਸ਼ ਕੀਤੀ ਜਾਵੇਗੀ। ਉਹ ਤੁਹਾਨੂੰ ਤੁਹਾਡੇ ਨਤੀਜੇ ਦੀ ਵਿਆਖਿਆ ਕਰਨਗੇ, ਅਤੇ ਫ਼ੈਸਲਾ ਕਰ ਸਕਦੇ ਹੋ ਕਿ ਤੁਸੀਂ ਨਿਦਾਨਕਾਰੀ ਜਾਂਚ ਕਰਵਾਉਣਾ ਚਾਹੁੰਦੇ ਹੋ ਜਾਂ ਨਹੀਂ। ਨਿਦਾਨਕਾਰੀ ਜਾਂਚ ਦੇ ਬਾਅਦ ਤੁਹਾਡੇ ਸਾਹਮਣੇ ਕੁਝ ਮੁਸ਼ਕਲ

Information for Women

© Public Health Wales

ਫ਼ੈਸਲੇ ਆ ਸਕਦੇ ਹਨ ਜਿਨ੍ਹਾਂ ਬਾਰੇ ਤੁਹਾਨੂੰ ਜਾਂਚ ਕਰਵਾਉਣ ਤੋਂ ਪਹਿਲਾਂ ਪਤਾ ਹੋਣਾ ਚਾਹੀਦਾ ਹੈ।

ਯਾਦ ਰੱਖੋ ਕਿ ਅੰਕ ਜਿੰਨਾ ਘੱਟ ਹੋਵੇਗਾ ਸੰਭਾਵਨਾ ਓਨੀ ਹੀ ਵੱਧ ਹੋਵੇਗੀ। ਇਸ ਲਈ, ਉਦਾਹਰਨ ਵਜੋਂ, 400 ਵਿੱਚ 1 ਦੇ ਨਾਲੋਂ 80 ਵਿੱਚ 1 ਵੱਧ ਸੰਭਾਵਨਾ ਹੁੰਦੀ ਹੈ।

ਪੜਤਾਲੀਆ ਜਾਂਚ ਕਰਵਾਉਣ ਵਾਲੀਆਂ 3% ਅਤੇ 5% ਦੇ ਵਿਚਕਾਰ (ਮਤਲਬ ਕਿ 100 ਵਿੱਚੋਂ 3 ਤੋਂ 5 ਦੇ ਵਿਚਕਾਰ) ਔਰਤਾਂ ਦਾ ਨਤੀਜਾ ਦਿਖਾਉਂਦਾ ਹੈ ਕਿ ਉਹਨਾਂ ਦੀ ਡਾਊਨਜ਼ ਸਿਨਡ੍ਰੋਮ ਵਾਲਾ ਬੱਚਾ ਪੈਦਾ ਹੋਣ ਦੀ ਸੰਭਾਵਨਾ ਵੱਧ ਹੈ।

ਵੇਲਜ਼ ਵਿੱਚ NHS ਦੁਆਰਾ ਪੇਸ਼ ਕੀਤੇ ਜਾਂਦੇ ਖ਼ੂਨ ਦੀ ਜਾਂਚ ਦੇ ਨਤੀਜਿਆਂ ਦੀ ਨਿਗਰਾਨੀ ਕੀਤੀ ਜਾਂਦੀ ਹੈ।

ਕੁਝ ਔਰਤਾਂ ਡਾਊਨਜ਼ ਸਿਨਡ੍ਰੋਮ ਪੜਤਾਲ ਕਰਵਾਉਣ ਲਈ ਨਿੱਜੀ ਤੌਰ 'ਤੇ ਖਰਚਾ ਦਿੰਦੀਆਂ ਹਨ। ਪ੍ਰਾਈਵੇਟ ਕਲੀਨਿਕਾਂ ਦੁਆਰਾ ਕੀਤੀਆਂ ਪੜਤਾਲਾਂ ਦੀ NHS ਦੁਆਰਾ ਨਿਗਰਾਨੀ ਨਹੀਂ ਕੀਤੀ ਜਾਂਦੀ ਹੈ। ਇਸਦਾ ਅਰਥ ਹੈ ਕਿ ਤੁਹਾਡੀ ਦਾਈ ਕੋਲ ਪ੍ਰਾਈਵੇਟ ਕਲੀਨਿਕਾਂ ਦੁਆਰਾ ਕੀਤੀਆਂ ਗਈਆਂ ਪੜਤਾਲੀਆ ਜਾਂਚਾਂ ਦੀ ਕੁਆਲਿਟੀ ਅਤੇ ਦਰੁਸਤੀ ਬਾਰੇ ਕੋਈ ਜਾਣਕਾਰੀ ਨਹੀਂ ਹੋਵੇਗੀ। ਜਿਵੇਂ ਕਿ NHS ਜਾਂਚ ਵਿੱਚ ਹੁੰਦਾ ਹੈ, ਕੋਈ ਨਿੱਜੀ ਜਾਂਚ ਤੁਹਾਨੂੰ ਇਹ ਨਹੀਂ ਦੱਸ ਸਕੇਗੀ ਕਿ ਤੁਹਾਡੇ ਬੱਚੇ ਨੂੰ ਡਾਊਨਜ਼ ਸਿਨਡ੍ਰੋਮ ਹੈ ਜਾਂ ਨਹੀਂ।

# ਡਾਊਨਜ਼ ਸਿਨਡ੍ਰੋਮ ਲਈ ਨਿਦਾਨਕਾਰੀ ਜਾਂਚ

## ਨਿਦਾਨਕਾਰੀ ਜਾਂਚਾਂ ਕੀ ਹੁੰਦੀਆਂ ਹਨ?

ਜੇ ਤੁਹਾਡੀ ਡਾਊਨਜ਼ ਸਿਨਡ੍ਰੋਮ ਵਾਲਾ ਬੱਚਾ ਪੈਦਾ ਹੋਣ ਦੀ ਸੰਭਾਵਨਾ ਵੱਧ ਹੈ, ਤਾਂ ਤੁਹਾਨੂੰ ਨਿਦਾਨਕਾਰੀ ਜਾਂਚ ਪੇਸ਼ ਕੀਤੀ ਜਾਵੇਗੀ।

ਇਹ ਕਿਤਾਬਚਾ ਉਹਨਾਂ ਨਿਦਾਨਕਾਰੀ ਜਾਂਚਾਂ ਬਾਰੇ ਕੁਝ ਮੁਢਲੀ ਜਾਣਕਾਰੀ ਦਿੰਦਾ ਹੈ ਜੋ ਪੜਤਾਲੀਆ ਜਾਂਚ ਕਰਵਾਉਣ 'ਤੇ ਤੁਹਾਨੂੰ ਪੇਸ਼ ਕੀਤੀਆਂ ਜਾ ਸਕਦੀਆਂ ਹਨ।

### ਅਮੀਨੋਸੈਂਟੇਸਿਸ ਕੀ ਹੁੰਦਾ ਹੈ?

ਅਮੀਨੋਸੈਂਟੇਸਿਸ, ਬੱਚੇਦਾਨੀ ਵਿੱਚ ਬੱਚੇ ਦੇ ਆਲੇ-ਦੁਆਲੇ ਤੋਂ ਲਗਭਗ 15 ਤੋਂ 20 ਮਿਲੀਲਿਟਰ (ਤਿੰਨ ਤੋਂ ਚਾਰ ਚੱਮਚ) ਅਮੀਨਿਓਟਿਕ ਤਰਲ ਕੱਢਣ ਦੀ ਪ੍ਰਕਿਰਿਆ ਹੁੰਦੀ ਹੈ। ਤੁਹਾਡੇ ਬੱਚੇ ਦੇ ਕ੍ਰੋਮੋਸੋਮਾਂ (ਗੁਣ ਸੂਤਰਾਂ) ਨੂੰ ਦੇਖਣ ਲਈ, ਇਸ ਤਰਲ ਵਿੱਚ ਤੈਰ ਰਹੇ ਬੱਚੇ ਦੇ ਸੈੱਲਾਂ ਦੀ ਲੈਬਾਰਟਰੀ ਵਿੱਚ ਜਾਂਚ ਕੀਤੀ ਜਾ ਸਕਦੀ ਹੈ।

ਇਹ ਤੁਹਾਡੇ ਗਰਭ ਦੇ 15 ਹਫ਼ਤੇ ਦਾ ਹੋਣ ਤੋਂ ਬਾਅਦ ਕੀਤੀ ਜਾ ਸਕਦੀ ਹੈ।

ਅਮੀਨੋਸੈਂਟੇਸਿਸ ਵਿੱਚ ਕੁਝ ਜੋਖ਼ਿਮ ਸ਼ਾਮਲ ਹੁੰਦਾ ਹੈ। ਲਗਭਗ 100 ਵਿੱਚੋਂ 1 ਗਰਭ (1%) ਵਿੱਚ ਇਸ ਕਾਰਨ ਗਰਭਪਾਤ ਹੋ ਜਾਂਦਾ ਹੈ।

Information for Women
© Public Health Wales

## ਨਿਦਾਨਕਾਰੀ ਜਾਂਚ ਦਾ ਨਤੀਜਾ ਮੈਨੂੰ ਕੀ ਦੱਸੇਗਾ?

ਨਤੀਜਾ ਤੁਹਾਨੂੰ ਦੱਸੇਗਾ ਕਿ ਕੀ ਤੁਹਾਡੇ ਬੱਚੇ ਨੂੰ ਡਾਊਨਜ਼ ਸਿਨਡ੍ਰੋਮ ਹੈ। ਜੇ ਬੱਚੇ ਨੂੰ ਡਾਊਨਜ਼ ਸਿਨਡ੍ਰੋਮ ਹੈ, ਤਾਂ ਤੁਸੀਂ ਫ਼ੈਸਲਾ ਕਰ ਸਕਦੇ ਹੋ ਕਿ ਕੀ ਡਾਊਨਜ਼ ਸਿਨਡ੍ਰੋਮ ਵਾਲੇ ਬੱਚੇ ਦੇ ਜਨਮ ਲਈ ਤਿਆਰੀ ਕਰਨੀ ਹੈ ਜਾਂ ਆਪਣੇ ਗਰਭ ਨੂੰ ਸਮਾਪਤ ਕਰਨਾ ਹੈ।

ਕ੍ਰੋਮੋਸੋਮ ਜਾਂਚਾਂ, ਡਾਊਨਜ਼ ਸਿਨਡ੍ਰੋਮ ਦੇ ਨਾਲ-ਨਾਲ ਕ੍ਰੋਮੋਸੋਮਾਂ ਦੀਆਂ ਦੂਜੀਆਂ ਬੇਤਰਤੀਬੀਆਂ ਦਾ ਵੀ ਪਤਾ ਲਗਾ ਸਕਦੀਆਂ ਹਨ ਅਤੇ ਜੇ ਤੁਹਾਨੂੰ ਅਮੀਨੋਸੈਂਟੇਸਿਸ ਪੇਸ਼ ਕੀਤਾ ਜਾਂਦਾ ਹੈ, ਤੁਹਾਨੂੰ ਇਸ ਦੀ ਵਿਆਖਿਆ ਕੀਤੀ ਜਾਵੇਗੀ।

## ਵਧੇਰੇ ਜਾਣਕਾਰੀ

ਤੁਹਾਨੂੰ ਡਾਊਨਜ਼ ਸਿਨਡ੍ਰੋਮ ਦੀ ਪੜਤਾਲ ਬਾਰੇ ਹੋਰ ਜਾਣਕਾਰੀ ਤੁਹਾਡੀ ਦਾਈ ਜਾਂ ਤੁਹਾਡੇ ਹਸਪਤਾਲ ਦੇ ਡਾਕਟਰ (ਤੁਹਾਡੇ ਪ੍ਰਸੂਤ ਵਿਸ਼ੇਸ਼ੱਗ) ਤੋਂ, ਜਾਂ www.antenatalscreening.org ਤੋਂ ਮਿਲ ਸਕਦੀ ਹੈ।

### Antenatal Results and Choices (ARC)

73 Charlotte Street
London
W1T 4PN
ਹੈਲਪਲਾਈਨ: 020 7631 0285

ਈ-ਮੇਲ: info@arc-uk.org

ਵੈਬਸਾਈਟ: www.arc-uk.org

### Down's Syndrome Association (DSA)

Langdon Down Centre
2a Langdon Park
Teddington
TW11 9PS

ਫ਼ੋਨ: 0845 230 0372

ਫ਼ੈਕਸ: 0845 230 0373

ਈ-ਮੇਲ: info@downs-syndrome.org.uk

ਵੈਬਸਾਈਟ: www.downs-syndrome.org.uk

© ਕਾਪੀਰਾਈਟ 2010 ਪਬਲਿਕ ਹੈਲਥ ਵੇਲਜ਼ NHS ਟ੍ਰਸਟ। ਸਾਰੇ ਹੱਕ ਰਾਖਵੇਂ ਹਨ। ਕਾਪੀਰਾਈਟ ਮਾਲਕ ਦੀ ਆਗਿਆ ਦੇ ਬਿਨਾਂ ਪੂਰਾ ਦਾ ਇਸਦਾ ਕੋਈ ਹਿੱਸਾ ਨਾ ਪ੍ਰਕਾਸ਼ਿਤ ਕੀਤਾ ਜਾਵੇ।

www.antenatalscreening.org
ਅਪ੍ਰੈਲ 2010

DS 9ਵਾਂ ਸੰਸਕਰਨ

Information for Women

© Public Health Wales